# ਧਾਰਮਿਕ ਅਸਹਿਣਸ਼ੀਲਤਾ

## ਮਾਪਿਆਂ, ਸੰਭਾਲ ਕਰਨ ਵਾਲਿਆਂ ਅਤੇ ਵਿਦਿਆਰਥੀਆਂ ਵਾਸਤੇ ਜਾਣਕਾਰੀ

### ਸਾਡੀ ਵਚਨਬੱਧਤਾ

ਵਿਭਾਗ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਕੂਲ ਭਾਈਚਾਰੇ ਦੀ ਸਭਿਆਚਾਰਕ, ਭਾਸ਼ਾਈ, ਧਾਰਮਿਕ ਅਤੇ ਅਧਿਆਤਮਿਕ ਵਿਭਿੰਨਤਾ ਨੂੰ ਸਵੀਕਾਰ ਕਰਦਾ ਹੈ, ਕਦਰ ਅਤੇ ਸਤਿਕਾਰ ਕਰਦਾ ਹੈ। ਅਸੀਂ NSW ਦੇ ਸਰਕਾਰੀ ਸਕੂਲਾਂ ਵਿੱਚ ਹਰ ਕਿਸਮ ਦੇ ਭੇਦਭਾਵ ਨੂੰ ਖਤਮ ਕਰਨ ਲਈ ਵਚਨਬੱਧ ਹਾਂ।

### ਧਾਰਮਿਕ ਅਸਹਿਣਸ਼ੀਲਤਾ ਕੀ ਹੈ?

ਧਾਰਮਿਕ ਅਸਹਿਣਸ਼ੀਲਤਾ ਉਦੋਂ ਹੁੰਦੀ ਹੈ ਜਦੋਂ ਕੋਈ ਵਿਅਕਤੀ ਆਪਣੇ ਧਰਮ, ਵਿਸ਼ਵਾਸ, ਸ਼ਰਧਾ ਜਾਂ ਅਧਿਆਤਮਿਕਤਾ ਦੇ ਕਾਰਨ ਦੂਜਿਆਂ ਨਾਲ ਮਾੜਾ, ਬੇਇਨਸਾਫੀ ਵਾਲਾ ਜਾਂ ਵੱਖਰਾ ਵਿਵਹਾਰ ਕਰਦਾ ਹੈ।

### ਵਿਦਿਆਰਥੀ ਧਾਰਮਿਕ ਅਸਹਿਣਸ਼ੀਲਤਾ ਦੀ ਰਿਪੋਰਟ ਕਿਵੇਂ ਕਰ ਸਕਦੇ ਹਨ

ਜਿਹੜੇ ਵਿਦਿਆਰਥੀ ਧਾਰਮਿਕ ਅਸਹਿਣਸ਼ੀਲਤਾ ਦਾ ਅਨੁਭਵ ਕਰਦੇ ਹਨ, ਉਨ੍ਹਾਂ ਨੂੰ ਇਸ ਦੀ ਰਿਪੋਰਟ ਕਿਸੇ ਅਧਿਆਪਕ ਜਾਂ ਸਕੂਲ ਦੇ ਅਮਲੇ ਨੂੰ ਕਰਨੀ ਚਾਹੀਦੀ ਹੈ। ਵਿਦਿਆਰਥੀ ਆਪਣੇ ਸਕੂਲ ਦੀ ਵੈੱਬਸਾਈਟ ‘ਤੇ ਦਿੱਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਕੇ ਆਪਣੇ ਸਕੂਲ ਨੂੰ ਫ਼ੋਨ ਜਾਂ ਈਮੇਲ ਵੀ ਕਰ ਸਕਦੇ ਹਨ।

ਕਈ ਵਾਰ ਧਾਰਮਿਕ ਅਸਹਿਣਸ਼ੀਲਤਾ ਵਿੱਚ ਨਸਲੀ ਤੱਤ ਹੁੰਦਾ ਹੈ। ਨਸਲਵਾਦ ਦੀਆਂ ਰਿਪੋਰਟਾਂ ਸਕੂਲ ਦੇ ਅਮਲੇ ਦੇ ਕਿਸੇ ਵੀ ਮੈਂਬਰ ਜਾਂ ਸਕੂਲ ਦੇ ਨਸਲਵਾਦ ਵਿਰੋਧੀ ਸੰਪਰਕ ਅਧਿਕਾਰੀ (Anti-Racism Contact Officer) ਨੂੰ ਕੀਤੀਆਂ ਜਾ ਸਕਦੀਆਂ ਹਨ। ਵਧੇਰੇ ਜਾਣਕਾਰੀ ਵਾਸਤੇ ਨਸਲਵਾਦ ਦੀਆਂ ਰਿਪੋਰਟਾਂ (Reports of racism) ਅਤੇ ਨਸਲਵਾਦ ਵਿਰੋਧੀ ਨੀਤੀ (Anti-racism policy) ਵਾਲੇ ਪੰਨੇ ਵੇਖੋ।

### ਵਿਦਿਆਰਥੀਆਂ ਵਾਸਤੇ ਕਿਹੜੀ ਸਹਾਇਤਾ ਉਪਲਬਧ ਹੈ?

ਧਾਰਮਿਕ ਅਸਹਿਣਸ਼ੀਲਤਾ ਦਾ ਅਨੁਭਵ ਕਰਨਾ ਜਾਂ ਇਸ ਨੂੰ ਵੇਖਣਾ ਵਿਦਿਆਰਥੀਆਂ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ। ਵਿਦਿਆਰਥੀਆਂ ਲਈ ਜਾਣਕਾਰੀ ਅਤੇ ਸੇਵਾਵਾਂ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਉਪਲਬਧ ਹਨ:

- ਵਿਦਿਆਰਥੀਆਂ ਵਾਸਤੇ ਮਾਨਸਿਕ ਸਿਹਤ ਸਹਾਇਤਾ (Mental health support for students)
- ਵਿਦਿਆਰਥੀ ਐਂਟੀ-ਬੁਲਿੰਗ ਪੰਨਾ (Student anti-bullying pages)

### ਮਾਪੇ, ਸੰਭਾਲ ਕਰਨ ਵਾਲੇ ਅਤੇ ਭਾਈਚਾਰੇ ਦੇ ਮੈਂਬਰ ਧਾਰਮਿਕ ਅਸਹਿਣਸ਼ੀਲਤਾ ਦੀ ਰਿਪੋਰਟ ਕਿਵੇਂ ਕਰ ਸਕਦੇ ਹਨ

ਮਾਪੇ, ਸੰਭਾਲ ਕਰਨ ਵਾਲੇ ਅਤੇ ਭਾਈਚਾਰੇ ਦੇ ਮੈਂਬਰ ਆਪਣੇ ਵੱਲੋਂ ਜਾਂ ਕਿਸੇ ਵਿਦਿਆਰਥੀ ਦੀ ਤਰਫੋਂ ਉਹਨਾਂ ਦੀ ਸਹਿਮਤੀ ਨਾਲ ਧਾਰਮਿਕ ਅਸਹਿਣਸ਼ੀਲਤਾ ਦੀ ਰਿਪੋਰਟ ਕਰ ਸਕਦੇ ਹਨ।

ਰਿਪੋਰਟ ਉਸ ਸਕੂਲ ਨੂੰ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਧਾਰਮਿਕ ਅਸਹਿਣਸ਼ੀਲਤਾ ਦੀ ਘਟਨਾ ਵਾਪਰੀ ਸੀ। ਮਾਪੇ ਅਤੇ ਸੰਭਾਲ ਕਰਨ ਵਾਲੇ ਸਕੂਲ ਦੀ ਵੈੱਬਸਾਈਟ ‘ਤੇ ਦਿੱਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਕੇ ਵਿਅਕਤੀਗਤ ਤੌਰ 'ਤੇ, ਈਮੇਲ ਜਾਂ ਫ਼ੋਨ ਰਾਹੀਂ ਰਿਪੋਰਟ ਕਰ ਸਕਦੇ ਹਨ।

ਜੇ ਸਕੂਲ ਨਾਲ ਸੰਪਰਕ ਕਰਦੇ ਸਮੇਂ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ ਅਤੇ ਔਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਸ ਭਾਸ਼ਾ ਦੀ ਲੋੜ ਹੈ ਅਤੇ ਉਹ ਫ਼ੋਨ ਨੰਬਰ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

## ਮਾਪਿਆਂ ਵਾਸਤੇ ਕਿਹੜੀ ਸਹਾਇਤਾ ਉਪਲਬਧ ਹੈ?

ਮਾਪਿਆਂ ਵਾਸਤੇ ਜਾਣਕਾਰੀ ਅਤੇ ਸਹਾਇਤਾ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਉਪਲਬਧ ਹੈ:

- ਮਾਨਸਿਕ ਸਿਹਤ ਅਤੇ ਭਲਾਈ ਸਹਾਇਤਾ (Mental health and wellbeing support)
- ਮਾਪਿਆਂ ਲਈ ਕਿਹੜੀ ਸਹਾਇਤਾ ਉਪਲਬਧ ਹੈ? (What support is available to parents?)

## ਅਗਲੇ ਕਦਮ

ਹੋਰ ਸਹਾਇਤਾ ਵਾਸਤੇ ਜਾਂ ਜੇ ਤੁਸੀਂ ਮੰਨਦੇ ਹੋ ਕਿ ਅਸਹਿਣਸ਼ੀਲਤਾ ਸਾਰੀ ਪ੍ਰਣਾਲੀ ਵਿੱਚ ਫੈਲੀ ਹੋਈ ਹੈ, ਤਾਂ 1300 679 332 'ਤੇ ਫ਼ੋਨ ਕਰਕੇ ਧਾਰਮਿਕ ਅਸਹਿਣਸ਼ੀਲਤਾ ਸਹਾਇਤਾ ਲਾਈਨ ਨਾਲ ਸੰਪਰਕ ਕਰੋ ਅਤੇ ਔਪਰੇਟਰ ਨੂੰ ਇਹ ਦੱਸੋ ਕਿ ਇਹ ਕਾਲ ਧਾਰਮਿਕ ਅਸਹਿਣਸ਼ੀਲਤਾ ਬਾਰੇ ਹੈ। ਜੇ ਲੋੜ ਹੋਵੇ ਤਾਂ ਟੈਲੀਫ਼ੋਨ ਦੁਭਾਸ਼ੀਆ ਸੇਵਾ ਦੀ ਵਰਤੋਂ ਕਰੋ। ਸਹਾਇਤਾ ਲਾਈਨ ਇਹ ਕਰ ਸਕਦੀ ਹੈ:

- ਸਬੰਧਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ
- ਰਿਪੋਰਟਾਂ ਨੂੰ ਸਬੰਧਿਤ ਖੇਤਰਾਂ ਵਿੱਚ ਭੇਜਣਾ
- ਉਚਿਤ ਸਹਾਇਤਾ ਸੇਵਾਵਾਂ ਦੀ ਸਿਫਾਰਸ਼ ਕਰਨਾ
- ਰਿਪੋਰਟਾਂ ਲਈ ਨਿਰਪੱਖ ਹੱਲ ਲੱਭਣਾ।

## ਸ਼ਿਕਾਇਤ ਕਰਨ ਲਈ

ਵਿਦਿਆਰਥੀ, ਮਾਪੇ ਜਾਂ ਸੰਭਾਲ ਕਰਨ ਵਾਲੇ ਅਨੁਵਾਦ ਕੀਤੀ ਸ਼ਿਕਾਇਤ ਕਰਨ ਲਈ ਤੁਰੰਤ ਹਵਾਲਾ ਗਾਈਡ (quick reference guide for making a complaint) ਵਿੱਚ ਦਿੱਤੇ ਕਦਮਾਂ ਦੀ ਪਾਲਣਾ ਕਰਕੇ ਸ਼ਿਕਾਇਤ ਕਰ ਸਕਦੇ ਹਨ। ਸਹਾਇਤਾ ਵਿਅਕਤੀਆਂ ਅਤੇ ਵਕਾਲਤ ਕਰਨ ਵਾਲਿਆਂ (support persons and advocates) ਦੇ ਅਨੁਵਾਦ ਕੀਤੇ ਪੰਨੇ 'ਤੇ ਸ਼ਿਕਾਇਤਾਂ ਬਾਰੇ ਹੋਰ ਜਾਣੋ।

## ਸਬੰਧਿਤ ਵਿਭਾਗ ਦੀਆਂ ਨੀਤੀਆਂ

- ਨਸਲਵਾਦ ਵਿਰੋਧੀ ਨੀਤੀ (Anti-racism policy)
- ਬਹੁ-ਸਭਿਆਚਾਰਕ ਸਿੱਖਿਆ ਨੀਤੀ (Multicultural education policy)
- ਵਿਦਿਆਰਥੀ ਵਿਵਹਾਰ ਨੀਤੀ (Student behaviour policy)